# ਪੰਜਾਬ ਟੈਕਨੀਕਲ ਯੂਨੀਵਰਸਿਟੀ

## (ਮਾਨਵ ਸ੍ਰੋਤ ਵਿਕਾਸ ਵਿਭਾਗ)

ਨੰ : ਪੀ.ਟੀ.ਯੂ/ਡਿ ਰਜਿ/ ਨੋਟੀਫਿਕੇਸ਼ਨ/2912\

ਮਿਤੀ : 11|9|2012

<u>ਨੋਟੀਫਿਕੇਸ਼ਨ</u>

ਪੰਜਾਬ ਟੈਕਨੀਕਲ ਯੂਨੀਵਰਸਿਟੀ ਵਿੱਚ ਕੰਮ ਕਰ ਰਹੇ ਮੁਲਾਜ਼ਮ ਅਤੇ ਉਨ੍ਹਾਂ ਦੇ ਬੱਚਿਆਂ ਲਈ ਯੂਨੀਵਰਸਿਟੀ ਦੁਆਰਾ ਚਲਾਏ ਜਾ ਰਹੇ ਕੋਰਸਾਂ ਲਈ ਫੀਸ ਵਿੱਚ ਮੁਆਫੀ ਸੰਬੰਧੀ ਹੇਂਠ ਲਿਖੇ ਨਿਯਮ ਬਣਾਏ ਗਏ ਹਨ :-

1. ਯੂਨੀਵਰਸਿਟੀ ਦੇ ਮੁਲਾਜ਼ਮ, ਜਿਨ੍ਹਾਂ ਨੂੰ ਪੜ੍ਹਨ ਦੀ ਪ੍ਰਵਾਣਗੀ ਮਿਲੀ ਹੋਵੇ, ਨੂੰ ਯੂਨੀਵਰਸਿਟੀ ਵੱਲੋਂ ਚਲਾਏ ਗਏ ਕੋਰਸਾਂ ਲਈ ਪੂਰੀ ਫੀਸ ਮੁਆਫ ਕੀਤੀ ਜਾਵੇਗੀ।

2. ਯੂਨੀਵਰਸਿਟੀ ਦੇ ਮੁਲਾਜ਼ਮਾਂ ਦੇ ਬੱਚਿਆਂ(ਜੋ ਵਿਆਹੇ ਨਾ ਹੋਣ/ਖੁਦ ਨੌਕਰੀ ਨਾ ਕਰਦੇ ਹੋਣ) ਨੂੰ ਵੀ ਯੂਨੀਵਰਸਿਟੀ ਵੱਲੋਂ ਚਲਾਏ ਗਏ ਕੋਰਸਾਂ ਦੀ ਅੱਧੀ ਫੀਸ (50%) ਵਿੱਚ ਰਿਆਇਤ ਕੀਤੀ ਜਾਵੇਗੀ।

3. ਪੰਜਾਬ ਟੈਕਨੀਕਲ ਯੂਨੀਵਰਸਿਟੀ ਦੇ ਮੁਲਾਜ਼ਮਾਂ ਤੇ ਫੀਸ ਵਿੱਚ ਰਿਆਇਤਾਂ ਸੰਬੰਧੀ ਨਿਯਮ ਉਦੋਂ ਤੱਕ ਹੀ ਲਾਗੂ ਹੋਣਗੇ ਜਦੋਂ ਤੱਕ ਉਹ ਯੂਨੀਵਰਸਿਟੀ ਦੇ ਮੁਲਾਜ਼ਮ ਰਹਿਣਗੇ। ਮੁਲਾਜ਼ਮ ਵਲੋਂ ਅਸਤੀਫਾ ਦੇਣ, ਰਿਟਾਇਰ ਹੋਣ, ਨੌਕਰੀ ਤੋਂ ਬਰਖਾਸਤ ਹੋਣ, ਡੈਪੂਟੇਸ਼ਨ ਖਤਮ ਹੋਣ ਅਤੇ ਇਸ ਤਰ੍ਹਾਂ ਦੇ ਹੋਰ ਕਾਰਨਾਂ ਤੋਂ ਬਾਅਦ ਮੁਲਾਜ਼ਮ ਤੇ ਫੀਸ ਵਿੱਚ ਰਿਆਇਤਾਂ ਸੰਬੰਧੀ ਨਿਯਮ ਲਾਗੂ ਨਹੀਂ ਹੋਣਗੇ।

ਰਜਿਸਟਰਾਰ

ਉਤਾਰਾ :-

1. ਉਪ-ਕੁਲਪਤੀ ਜੀ ਦੇ ਨਿੱਜੀ ਸਕੱਤਰ ਨੂੰ ਸੂਚਨਾ ਹਿੱਤ।
2. ਸਾਰੇ ਵਿਭਾਗਾਂ ਦੇ ਮੁੱਖੀ (ਆਪਣੇ ਅਧੀਨ ਕੰਮ ਕਰ ਰਹੇ ਕਰਮਚਾਰੀਅਂ ਨੂੰ ਸੂਚਨਾ ਹਿੱਤ)
3. ਡਿਪਟੀ ਰਜਿਸਟਰਾਰ, ਕੰਪਿਊਟਰ ਸੈੱਲ (ਯੂਨੀਵਰਸਿਟੀ ਦੀ ਵੈੱਬ ਸਾਈਟ ਤੇ ਸਾਰੇ ਨੋਟਿਸ ਬੋਰਡ ਤੇ ਅਪਲੋਡ ਕਰਨ ਹਿੱਤ।